# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਪਰਾਈਵੇਸੀ ਕਮਿਸ਼ਨਰ ਫਾਰ ਪਰਸਨਲ ਡਾਟਾ ਦਾ ਦਫਤਰ, ਹਾਂਗ ਕਾਂਗ

ਪਰਾਈਵੇਸੀ ਕਮਿਸ਼ਨਰ ਫਾਰ ਪਰਸਨਲ ਡਾਟਾ (PCPD) ਦੇ ਦਫ਼ਤਰ ਦਾ ਉਦੇਸ਼ ਨਿੱਜੀ ਡਾਟੇ (ਗੁਪਤਤਾ) ਆਰਡੀਨੈਂਸ (PDPO) ਦੀ ਪਾਲਣਾ ਪ੍ਰਚਾਰ , ਨਿਗਰਾਨੀ ਅਤੇ ਨਿਰੀਖਣ ਦੁਆਰਾ ਵਿਅਕਤੀਗਤ ਡਾਟਾ ਦੇ ਸੰਬੰਧ ਵਿੱਚ ਵਿਅਕਤੀਆਂ ਦੀ ਗੁਪਤਤਾ ਦੀ ਸੁਰੱਖਿਆ ਨੂੰ ਸੁਰੱਖਿਅਤ ਕਰਨਾ ਹੈ।

| | |
|---|---|
| ਸਬੰਧਿਤ ਸੇਵਾਵਾਂ | • ਜਨਤਕ ਅਤੇ/ਜਾਂ ਜਨਤਕ ਅਤੇ ਨਿਜੀ ਸੰਸਥਾਵਾਂ ਦੇ ਮੈਂਬਰ ਨਿੱਜੀ ਡਾਟਾ ਗੁਪਤਤਾ ਦੇ ਸੰਬੰਧ ਵਿੱਚ PCPD ਨੂੰ ਕਾਨੂੰਨੀ ਸਹਾਇਤਾ ਲਈ ਪੁੱਛਗਿੱਛ, ਸ਼ਿਕਾਇਤਾਂ ਅਤੇ/ਜਾਂ ਦਰਖਾਸਤਾਂ ਦੇ ਸਕਦੇ ਹਨ।<br><br>• PCPD ਵੱਖ ਵੱਖ ਮਾਧਿਅਮਾਂ ਦੁਆਰਾ ਵਿਅਕਤੀਗਤ ਡਾਟਾ ਗੁਪਤਤਾ ਦੀ ਸੁਰੱਖਿਆ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਦਾ ਹੈ; ਸੰਗਠਨਾਂ ਅਤੇ ਵਿਅਕਤੀਆਂ ਦੀ ਲੋੜਾਂ ਬਾਰੇ ਲਈ PDPO ਦੇ ਅਧੀਨ ਸਿਖਲਾਈ ਲੈਂਦਾ ਹੈ; ਅਤੇ ਹਿੱਸੇਦਾਰਾਂ ਨਾਲ ਕੰਮ ਦੇ ਸਬੰਧਾਂ ਦਾ ਪ੍ਰਬੰਧਨ ਕਰਦਾ ਹੈ।<br><br>• ਇਹ ਸੁਨਿਸ਼ਚਿਤ ਕਰਨ ਲਈ ਕਿ ਸਾਡੀਆਂ ਸੇਵਾਵਾਂ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੁਆਰਾ ਅਸਾਨੀ ਨਾਲ ਪ੍ਰਾਪਤ ਕੀਤੀਆਂ ਜਾ ਸਕਣ, ਸੇਵਾ ਦੇ ਪ੍ਰਬੰਧ ਵਿਚ ਭਾਸ਼ਾ ਦੀ ਰੁਕਾਵਟ ਨੂੰ ਦੂਰ ਕਰਨ ਲਈ ਉਪਾਅ ਕੀਤੇ ਗਏ ਹਨ। |
| ਮੌਜੂਦਾ ਉਪਾਅ | • ਸਾਡੀਆਂ ਸੇਵਾਵਾਂ ਨਸਲਾਂ ਦੇ ਸੰਬੰਧ ਵਿੱਚ ਨਿਰਪੱਖ ਹਨ ਅਤੇ ਦੋ ਅਧਿਕਾਰਿਤ ਭਾਸ਼ਾਵਾਂ (ਚੀਨੀ ਅਤੇ ਅੰਗਰੇਜ਼ੀ) ਵਿੱਚ ਦਿੱਤੀਆਂ ਜਾਂਦੀਆਂ ਹਨ।<br><br>• ਨਿਜੀ ਡਾਟੇ ਲਈ ਗੁਪਤਤਾ ਦੀ ਸੁਰੱਖਿਆ ਅਤੇ ਸਤਿਕਾਰ ਬਾਰੇ ਜਾਣਕਾਰੀ PCPD ਦੀ ਵੈਬਸਾਈਟ ਤੇ ਦੋ ਅਧਿਕਾਰਤ ਭਾਸ਼ਾਵਾਂ (ਚੀਨੀ ਅਤੇ ਅੰਗਰੇਜ਼ੀ) ਵਿੱਚ ਉਪਲਬਧ ਹੈ। ਇਸ ਤੋਂ ਇਲਾਵਾ, ਜਨਤਾ ਨੂੰ ਉਪਲਬਧ ਸਾਰੇ ਕੋਡ, ਦਿਸ਼ਾ ਨਿਰਦੇਸ਼, ਜਾਣਕਾਰੀ ਪਰਚੇ ਅਤੇ ਕਿਤਾਬਚੇ ਇਨ੍ਹਾਂ ਦੋ ਸਰਕਾਰੀ ਭਾਸ਼ਾਵਾਂ ਵਿੱਚ ਪ੍ਰਕਾਸ਼ਤ ਹੁੰਦੀਆਂ ਹਨ।<br><br>• ਜਿੱਥੇ ਜਰੂਰੀ ਅਤੇ ਉਚਿਤ ਹੋਵੇਗਾ ਭਾਸ਼ਾ ਸੇਵਾਵਾਂ ਦਾ ਪ੍ਰਬੰਧ |

| | | |
|---|---|---|
| | | ਕੀਤਾ ਜਾਵੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਨਿਰੰਤਰ ਸੁਧਾਰ ਲਈ ਉਪਾਵਾਂ ਦੀ ਨਿਯਮਤ ਤੌਰ ਤੇ ਸਮੀਖਿਆ ਕੀਤੀ ਜਾਂਦੀ ਹੈ। |
| ਕੀਤੇ ਗਏ/ ਕੀਤੇ ਜਾਣ ਵਾਲੇ ਵਧੇਰੇ ਉਪਾਅ | • | ਜਿੱਥੇ ਜਰੂਰੀ ਅਤੇ ਵਿਵਹਾਰਕ ਹੈ ਉਥੇ ਘੱਟ ਗਿਣਤੀ ਲੋਕਾਂ ਦੀ ਤਰੱਕੀ ਅਤੇ ਵਾਧੇ ਲਈ ਕੇਂਦਰ ਦੁਆਰਾ ਢੁੱਕਵੀਂ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਵਿੱਚ ਟੈਲੀਫੋਨ ਵਿਆਖਿਆ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ, ਇਸ ਸੇਵਾ ਵਿੱਚ ਅੱਠ ਭਾਸ਼ਾਵਾਂ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ, ਵੀਅਤਨਾਮੀ ਅਤੇ ਉਰਦੂ ਸ਼ਾਮਲ ਹਨ। |
| | • | PCPD ਨੇ ਭਾਸ਼ਾ ਸੇਵਾਵਾਂ ਲਈ ਕੰਮ ਦੀਆਂ ਪ੍ਰਕਿਰਿਆਵਾਂ ਤਿਆਰ ਕੀਤੀਆਂ ਸਨ ਅਤੇ ਇਹ ਯਕੀਨੀ ਬਣਾਇਆ ਸੀ ਕਿ ਸਾਰੇ ਸਟਾਫ (ਖ਼ਾਸਕਰ ਫਰੰਟਲਾਈਨ ਸਟਾਫ) ਭਾਸ਼ਾ ਸੇਵਾਵਾਂ ਦੀਆਂ ਨੀਤੀਆਂ ਤੋਂ ; ਅਤੇ ਨਿਰਧਾਰਤ ਕੰਮ ਪ੍ਰਕਿਰਿਆਵਾਂ ਤੋਂ ਜਾਣੂ ਹੋਣ, ਅਤੇ ਜਦੋਂ ਵੀ ਲੋੜ ਹੋਵੇ ਸਟਾਫ ਨੂੰ ਸਮੇਂ ਸਿਰ ਦਿਸ਼ਾ ਅਤੇ ਸਹਾਇਤਾ ਪ੍ਰਦਾਨ ਕਰਦੇ ਹਾਂ। |
| | • | ਸਟਾਫ ਲਈ ਜਾਤੀਗਤ ਬਰਾਬਰਤਾ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇਗਾ। |
| | • | PCPD ਨਸਲੀ ਬਰਾਬਰਤਾ ਉੱਤੇ ਸਾਡੀ ਨੀਤੀਆਂ ਅਤੇ ਉਪਾਵਾਂ ਦੇ ਪ੍ਰਭਾਵ ਦਾ ਮੁਲਾਂਕਣ ਕਰੇਗੀ, ਜਿਨ੍ਹਾਂ ਨੂੰ ਵਿਆਖਿਆ / ਅਨੁਵਾਦ ਸੇਵਾਵਾਂ ਦੀ ਲੋੜ ਹੈ ,ਉਨ੍ਹਾਂ ਸੇਵਾ ਉਪਯੋਗੀਆਂ ਦੀ ‘‘ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦੀ ਲੋੜ’’ਅਤੇ ਉਨ੍ਹਾਂ ਦੇ ‘‘ਤਰਜੀਹੀ ਭਾਸ਼ਾ’’ਉੱਤੇ ਬੁਨਿਆਦੀ ਜਾਣਕਾਰੀ ਇਕੱਠਾ ਕਰੇਗੀ, ਅਤੇ ਸੇਵਾ ਪ੍ਰਬੰਧਾਂ ਦੇ ਲਗਾਤਾਰ ਸੁਧਾਰ ਨੂੰ ਸਮਰੱਥ ਬਣਾਏਗੀ। ਸੇਵਾ ਉਪਯੋਗੀਆਂ ਨੂੰ ਸੰਬੰਧਿਤ ਡਾਟਾ ਇਕੱਤਰ ਕਰਨ ਤੋਂ ਪਹਿਲਾਂ ਇੱਕ ਡਾਟਾ ਇੱਕਠਾ ਕਰਨ ਦਾ ਬਿਆਨ ਦਿੱਤਾ ਜਾਵੇਗਾ। |

ਨਸਲੀ ਬਰਾਬਰਤਾ ਦੇ ਪ੍ਰਚਾਰ ਨੂੰ ਉਤਸ਼ਾਹਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਦੁਆਰਾ ਸੀਨੀਅਰ ਪਰਸਨਲ ਡਾਟਾ ਅਫਸਰ (ਕਾਰਪੋਰੇਟ ਸਹਾਇਤਾ) ਨਾਲ ਸੰਪਰਕ ਕਰੋ -

ਟੈਲੀਫੋਨ : 2827 2827
ਫੈਕਸ : 2877 7026

ਈਮੇਲ : enquiry@pcpd.org.hk
ਡਾਕ ਲਈ ਪਤਾ : Room 1303, 13/F, Sunlight Tower, 248 Queen’s Road East, Wan Chai, Hong Kong

ਪਰਾਈਵੇਸੀ ਕਮਿਸ਼ਨਰ ਫਾਰ ਪਰਸਨਲ ਡਾਟਾ ਦਾ ਦਫਤਰ, ਹਾਂਗ ਕਾਂਗ
**ਮਈ 2020**